UGC Approved Journal
Research Link

Since March 2002

An International, Registered & Refereed Monthly Journal :
**Research Paper**
Research Link - 170, Vol - XVII (3), May - 2018, Page No. 142-145
ISSN - 0973-1628 ■ RNI - MPHIN-2002-7041 ■ Impact Factor - 2015 - 2.782

# ਮਹਿਮਾ ਪ੍ਰਕਾਸ਼ : ਉਦੇਸ਼

*ਤ੍ਰੇਹਣ ਸਾਹਿਬਜ਼ਾਦੇ ਬਾਬਾ ਬਿਨੋਦ ਸਿੰਘ ਤੇ ਬਾਬਾ ਕਾਂਨ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਵਿਚੋਂ ਵਿਸ਼ੇਸ਼ ਉੱਲੇਖਨੀਏ ਸਮਝੇ ਗਏ ਹਨ। ਸਿਵਾਏ ਇਨ੍ਹਾਂ ਤੇ ਬਾਬਾ ਬਾਜ਼ ਸਿੰਘ ਤੋ ਬਿਨਾ ਹੋਰ ਕਿਸੇ ਸਿੱਖ ਦਾ ਉੱਲੇਖ ਜ਼ਰੂਰੀ ਨਹੀਂ ਸਮਝਿਆ ਗਿਆ। ਬਾਬਾ ਬਿਨੋਦ ਸਿੰਘ ਦੇ ਬਾਬਾ ਬੰਦਾ ਸਿੰਘ ਬਹਾਦਰ ਦੇ ਘੇਰੇ ਸਮੇਂ ਮੁ਼ਗਲ ਫ਼ੌਜ਼ ਤੇ ਸਫ਼ਲ ਛਾਪੇਮਾਰ ਹਮਲੇ ਕੀਤੇ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਹੰਕਾਰ ਵਿਚ ਆ ਕੇ ਹੋਰ ਵਿਆਹ ਕਰਨ ਦੀ ਸੋਚਦਾ ਹੈ ਤਾਂ ਬਾਬਾ ਬਿਨੋਦ ਸਿੰਘ ਉਸਨੂੰ ਮਾਰ ਦੇਣਾ ਚਾਹੁੰਦਾ ਹੈ ਤਾਂ ਬਾਬਾ ਕਾਂਨ ਸਿੰਘ ਉਸ ਨੂੰ ਬਚਾ ਲੈਂਦਾ ਹੈ। ਬਿਨੋਦ ਸਿੰਘ ਦੇ ਗੋਇੰਦਵਾਲ ਜਾਣ ਤੋਂ ਬਾਆਦ ਬਾਬਾ ਕਾਂਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਪਾਸ ਰਹਿ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਮੇਂ ਬਾਬਾ ਕਾਂਨ ਸਿੰਘ ਨੂੰ ਬਚਾ ਲਿਆ ਜਾਂਦਾ ਹੈ। ਉਸਨੂੰ ਬਚਾਉਣ ਵਿਚ ਗੁਰੂ ਗੋਬਿੰਦ ਸਿੰਘ ਦੀ ਪਤਨੀ ਮਾਤਾ ਸੁੰਦਰੀ ਵਿਸ਼ੇਸ਼ ਯਤਨ ਕਰਦੇ ਕਹਿੰਦੇ ਹਨ 'ਜੋ ਕਾਂਨ ਸਿੰਘ ਜੀ ਕੋ ਕਿਸੀ ਤਰਾ ਛੁਡਾਇਆ ਚਾਹੀਏ॥ਨਾਹੀ ਤੋ ਜਹਾਂ ਇਨਕਾ ਲੋਹੂ ਪੜੇਗਾ ਉਹਾ ਅਪਰਾਧ ਆਇ ਜਾਇਗਾ॥ ਅਰੁ ਸਿਖਾਂ ਕੀ ਸਿਖੀ ਬਿਖੈ ਤਫਾਉਤ ਹੋਵੈਗੀ। ਕਿਸ ਵਾਸਤੇ ਜੋ ਗੁਰੂ ਅੰਗਤ ਸਾਹਿਬ ਕੀ ਅਉਲਾਦ ਹੈ॥ ਅਰੁ ਗੁਰੂ ਜੀ ਕੇ ਹਜੂਰੀ ਹੈਂ॥'*

**ਹਰਦੀਪ ਸਿੰਘ**

ਮਹਿਮਾ ਪ੍ਰਕਾਸ਼ 18ਵੀਂ ਸਦੀ ਦੇ ਸਿੱਖ ਇਤਿਹਾਸ ਦਾ ਸਾਹਿਤਿਕ ਦਸਤਾਵੇਜ਼ ਹੈ। ਕੇਸਰ ਸਿੰਘ ਛਿੱਬਰ ਦੁਆਰਾ ਰਚਿਤ 'ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ' (1769 ਈਸਵੀ) ਤੋਂ ਬਾਅਦ 'ਮਹਿਮਾ ਪ੍ਰਕਾਸ਼' ਹੀ ਇਕ ਅਜਿਹੀ ਰਚਨਾ ਹੈ ਜਿਸ ਵਿਚ ਦਸ ਗੁਰੂ ਸਾਹਿਬਾਨ ਦਾ ਇਤਿਹਾਸ ਲਿਖਿਆ ਮਿਲਦਾ ਹੈ।ਮਹਿਮਾ ਪ੍ਰਕਾਸ਼ ਸਾਨੂੰ ਵਾਰਤਕ ਅਤੇ ਕਵਿਤਾ ਦੋ ਰੂਪਾਂ ਵਿਚ ਮਿਲਦਾ ਹੈ।

ਮਹਿਮਾ ਪ੍ਰਕਾਸ਼ (ਵਾਰਤਕ) ਗ੍ਰੰਥ ਦੇ ਕਰਤਾ ਬਾਰੇ ਵਿਦਵਾਨਾਂ ਦੇ ਭਿੰਨਭਿੰਨ ਅਨੁਮਾਨ ਹਨ। ਕੁੱਝ ਵਿਦਵਾਨ ਇਸ ਦਾ ਕਰਤਾ ਬਾਵਾ ਕ੍ਰਿਪਾਲ ਸਿੰਘ ਨੂੰ, ਕੁੱਝ ਕ੍ਰਿਪਾਲ ਦਾਸ ਨੂੰ, ਕੁੱਝ ਸਰੂਪ ਚੰਦ/ਦਾਸ ਭੱਲਾ ਨੂੰ ਅਤੇ ਇਸੇ ਤਰ੍ਹਾਂ ਕੁੱਝ ਕ੍ਰਿਪਾ ਦਿਆਲ ਸਿੰਘ ਨੂੰ ਦੱਸਦੇ ਹਨ। ਪਰ ਇਹ ਮਸਲਾ ਅਜੇ ਵਿਚਾਰਧੀਨ ਹੀ ਹੈ, ਇਸੇ ਤਰ੍ਹਾਂ ਇਸ ਗ੍ਰੰਥ ਦਾ ਰਚਨਾਕਾਲ ਵੀ ਅਨੁਮਾਨ ਅਧਾਰਿਤ 1773 ਈ. ਮੰਨਿਆਂ ਜਾਂਦਾ ਹੈ। ਇਸ ਵਿਚ ਕੁੱਲ 170 ਸਾਖੀਆਂ ਹਨ ਜਿਨ੍ਹਾਂ ਵਿਚੋਂ 163 ਸਾਖੀਆਂ ਦਸ ਗੁਰੂ ਸਾਹਿਬਾਨ ਨਾਲ ਸੰਬੰਧਿਤ ਹਨ ਅਤੇ ਬਾਕੀ 7 ਫੁਟਕਲ ਹਨ।(1) ਇਸ ਗ੍ਰੰਥ ਨੂੰ ਡਾ. ਕੁਲਵਿੰਦਰ ਸਿੰਘ ਬਾਜਵਾ ਨੇ ਸੰਪਾਦਿਤ ਕੀਤਾ ਹੈ ਅਤੇ ਉਹ ਮਹਿਮਾ ਪ੍ਰਕਾਸ਼ (ਵਾਰਤਕ) ਨੂੰ ਮਹਿਮਾ ਪ੍ਰਕਾਸ਼ (ਕਵਿਤਾ) ਤੋਂ ਵੱਖਰਾ ਅਤੇ ਪਹਿਲਾਂ ਰਚਿਆ ਮੰਨਦੇ ਹਨ।(2) ਅਸਲ ਰਚਨਾਕਾਰ ਤੇ ਰਚਨਾਕਾਲ ਦਾ ਸਹੀ ਨਿਰਣਾ ਤਦ ਹੀ ਸੰਭਵ ਹੋਵੇਗਾ ਜੇਕਰ ਇਸ ਰਚਨਾ ਦੀ ਮੂਲ ਕਾਪੀ ਉਪਲੱਬਧ ਹੋ ਜਾਵੇ।

ਮਹਿਮਾ ਪ੍ਰਕਾਸ਼ (ਕਵਿਤਾ) ਕਵੀ ਸਰੂਪ ਦਾਸ ਭੱਲਾ ਦੀ ਰਚਨਾ ਹੈ।(3) ਆਪ ਆਪਣੀ ਰਚਨਾ ਵਿਚ ਆਪਣਾ ਨਾਮ ਸਰੂਪ ਦਾਸ ਲਿਖਦੇ ਹਨ:

***ਹੇ ਸਤਗੁਰ ਸਦਾ ਕ੍ਰਿਪਾਲ ਰਾਖ ਲਾਜ ਨਿਜ ਬਿਰਦ ਕੀ॥***
***ਸਰੂਪ ਦਾਸ ਹੋਇ ਦਿਆਲ ਸਦਾ ਚਰਨ ਹਿਰਦੇ ਬਸੈ॥***(4)

**ਅਤੇ ਕਈ ਜਗ੍ਹਾ ਤੇ ਸਰੂਪ ਚੰਦ ਵੀ ਲਿਖਦੇ ਹਨ :**

***ਦਸੋ ਸਰੂਪ ਕੀ ਮਹਿਮਾ ਕੀਨਾ॥***
***ਸਰੂਪ ਚੰਦ ਗੁਰ ਚਰਨ ਅਧੀਨਾ॥***(5)

ਸਰੂਪ ਦਾਸ ਭੱਲਾ ਗੁਰੂ ਅਮਰਦਾਸ ਦੇ ਵੰਸ਼ ਵਿਚੋਂ ਨੌਵੇਂ ਥਾਂ ਸਨ।(6) ਉਨ੍ਹਾਂ ਦੇ ਜੀਵਨ ਦੇ ਹਾਲਾਤ ਅਤੇ ਮਹੱਤਵਪੂਰਨ ਕੰਮਾਂ ਨੂੰ ਦਰਸਾਉਣ ਵਾਲੀ ਬਹੁਤ ਘੱਟ ਸਮੱਗਰੀ ਉਪਲੱਬਧ ਹੈ। ਉਨ੍ਹਾਂ ਦਾ ਜਨਮ 1800 ਬਿਕ੍ਰਮੀ ਮੁਤਾਬਿਕ 1743 ਈਸਵੀ (ਅਨੁਮਾਨਿਤ) ਨੂੰ ਬਾਬਾ ਬਾਹੜ ਮੱਲ ਜੀ ਦੇ ਗ੍ਰਿਹ ਵਿਖੇ ਗੋਇੰਦਵਾਲ, ਜ਼ਿਲ੍ਹਾ ਅੰਮ੍ਰਿਤਸਰ (ਹੁਣ ਤਰਨ ਤਾਰਨ) ਵਿਚ ਹੋਇਆ। ਆਪ ਜੀ ਦੀ ਮਾਤਾ ਦਾ ਨਾਮ ਕਿਧਰੇ ਵੀ ਲਿਖਿਆ ਨਹੀਂ ਮਿਲਦਾ।(7) ਉਨ੍ਹਾਂ ਦੀ ਮ੍ਰਿਤੂ ਸੰਬੰਧੀ ਵੀ ਕੋਈ ਜਾਣਕਾਰੀ ਨਹੀਂ ਮਿਲਦੀ ਪਰ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਨੇ ਲੰਬੀ ਆਯੂ ਭੋਗੀ। ਕਿਉਂਕਿ ਆਪ ਜੀ ਦਾ ਜਨਮ 1800 ਬਿਕ੍ਰਮੀ ਵਿਚ ਹੋਇਆ ਅਤੇ ਮਹਿਮਾ ਪ੍ਰਕਾਸ਼ ਗ੍ਰੰਥ ਨੂੰ ਆਪ ਨੇ 1833 ਬਿਕ੍ਰਮੀ (1776 ਈ.) ਵਿਚ ਮੁਕੰਮਲ ਕੀਤਾ।(8) ਇਸ ਰਚਨਾ ਵਿਚ ਗੁਰੂ ਸਾਹਿਬਾਨ ਤੋਂ ਇਲਾਵਾ ਇਸ ਵਿਚ ਭੱਲਾ ਖ਼ਾਨਦਾਨ ਦੇ ਪ੍ਰਸਿੱਧ ਵਿਅਕਤੀਆਂ ਦਾ ਜ਼ਿਕਰ ਵੀ ਮਿਲਦਾ ਹੈ। ਜਿਵੇਂ ਗੁਰੂ ਅਮਰਦਾਸ ਜੀ ਦੇ ਸਪੁੱਤਰ ਬਾਬਾ ਮੋਹਨ ਜੀ, ਬੀਬੀ ਭਾਨੀ ਜੀ, ਬਾਬਾ ਅਰਥ ਮੱਲ ਜੀ, ਬਾਬਾ ਅਨੰਦ ਜੀ, ਆਦਿ। ਮਹਿਮਾ ਪ੍ਰਕਾਸ਼ ਤੋਂ ਇਹ ਪਤਾ ਚਲਦਾ ਹੈ ਸਰੂਪ ਦਾਸ ਭੱਲਾ ਗੁਰਸਿੱਖਾਂ ਵਿਚੋਂ ਹੋਣ ਕਰਕੇ ਗੁਰਮਤਿ ਦੇ ਧਾਰਨੀ ਤਾਂ ਸਨ ਹੀ ਪਰ ਇਸ ਤੋਂ ਇਲਾਵਾ ਉਨ੍ਹਾਂ ਨੂੰ ਭਾਰਤੀ ਧਰਮਾਂ ਅਤੇ ਦਰਸ਼ਨ ਦੀ ਵੀ ਡੂੰਘੀ ਜਾਣਕਾਰੀ ਸੀ।

ਇਸ ਪਰਚੇ ਵਿਚ ਸਰੂਪ ਦਾਸ ਭੱਲਾ ਕ੍ਰਿਤ ਮਹਿਮਾ ਪ੍ਰਕਾਸ਼ (ਕਵਿਤਾ) ਨੂੰ ਅਧਿਐਨ ਦਾ ਆਧਾਰ ਬਣਾਇਆ ਗਿਆ ਹੈ। ਮਹਿਮਾ ਪ੍ਰਕਾਸ਼ ਪੰਜਾਬ ਦੇ ਇਤਿਹਾਸ, ਸਾਹਿਤ, ਭਾਸ਼ਾ ਅਤੇ ਸੱਭਿਆਚਾਰ ਵਿਚ ਮਹੱਤਵਪੂਰਨ ਅਤੇ ਅਭੁੱਲ ਨਿਧੀ ਹੈ। ਇਸ ਗ੍ਰੰਥ ਵਿਚ ਗੁਰੂ ਨਾਨਕ

*ਖੋਜਾਰਥੀ, ਗੁਰੂ ਨਾਨਕ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅਮ੍ਰਿਤਸਰ (ਪੰਜਾਬ)*

ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਦਾ ਜੀਵਨ, ਸਿੱਖਿਆਵਾਂ, ਯਾਤਰਾਵਾਂ ਅਤੇ ਪ੍ਰਚਾਰ ਦਾ ਰੋਚਕ ਸਾਹਿਤਿਕ ਇਤਿਹਾਸ ਪੇਸ਼ ਕੀਤਾ ਹੈ ਅਤੇ ਇਸਦੇ ਅੰਤ ਤੇ ਬੰਦਾ ਸਿੰਘ ਬਹਾਦਰ ਨਾਲ ਸੰਬੰਧਿਤ ਇਕ ਸਾਖੀ ਵੀ ਹੈ।

ਮਹਿਮਾ ਪ੍ਰਕਾਸ਼ (ਕਵਿਤਾ) ਦੀ ਭਾਸ਼ਾ ਵਿਭਾਗ ਵਾਲੇ ਖਰੜੇ ਨੂੰ ਆਧਾਰ ਬਣਾ ਕੇ ਹੁਣ ਤੱਕ ਦੋ ਵਾਰ ਸੰਪਾਦਨਾ ਹੋ ਚੁੱਕੀ ਹੈ ਅਤੇ ਇਸ ਨੂੰ ਦੋਵੇਂ ਵਾਰ ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ ਗਿਆ ਹੈ। ਇਸ ਗ੍ਰੰਥ ਨੂੰ ਪਹਿਲੀ ਵਾਰ 197071 ਵਿਚ ਸ਼ਮਸ਼ੇਰ ਸਿੰਘ ਅਸ਼ੋਕ, ਗੋਬਿੰਦ ਸਿੰਘ ਲਾਂਬਾ ਅਤੇ ਖਜਾਨ ਸਿੰਘ ਦੁਆਰਾ ਦੋ ਭਾਗਾਂ ਵਿਚ ਸੰਪਾਦਿਤ ਕੀਤਾ ਗਿਆ। ਇਸਦੇ ਪਹਿਲੇ ਭਾਗ ਵਿਚ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਤੋਂ ਲੈ ਕੇ ਪਰਲੋਕ ਗਮਨ ਤੱਕ ਦੀਆਂ ਜੀਵਨ ਘਟਨਾਵਾਂ ਦਾ ਵਰਣਨ ਵਿਸਤ੍ਰਿਤ ਰੂਪ ਵਿਚ ਕੀਤਾ ਗਿਆ ਹੈ। ਸਾਰੇ ਜੀਵਨ ਵ੍ਰਿਤ ਨੂੰ 65 ਭਾਗਾਂ ਵਿਚ ਵੰਡਿਆ ਗਿਆ ਹੈ। ਹਰ ਇਕ ਭਾਗ ਨੂੰ ਸਾਖੀ ਕਿਹਾ ਗਿਆ ਹੈ। ਪਹਿਲੇ ਭਾਗ ਦੇ 348 ਪੰਨੇ ਹਨ ਅਤੇ ਮਹਿਮਾ ਪ੍ਰਕਾਸ਼ ਭਾਗ ਦੂਜਾ ਵਿਚ ਬਾਕੀ ਨੌਂ ਸਿੱਖ ਗੁਰੂ ਸਾਹਿਬਾਨ ਅਤੇ ਬੰਦਾ ਸਿੰਘ ਬਹਾਦਰ ਦੇ ਮਿਲਾਪ ਤੱਕ ਦਾ ਇਤਿਹਾਸ ਹੈ, ਇਸਦੇ 900 ਪੰਨੇ ਹਨ। ਇਸ ਰਚਨਾ ਦੇ ਦੋਹਾਂ ਭਾਗਾਂ ਵਿਚ ਸਿੱਖ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਾਖੀਆਂ ਤੋਂ ਇਲਾਵਾ ਤੱਤਕਾਲੀਨ ਸਮੇਂ ਦੇ ਸਮਾਜਿਕ, ਧਾਰਮਿਕ ਅਤੇ ਆਰਥਿਕ ਪੱਖਾਂ ਬਾਰੇ ਵੀ ਜਾਣਕਾਰੀ ਮਿਲਦੀ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਵੀ ਇਹ ਰਚਨਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਵਿਚੋਂ ਕਈ ਇਤਿਹਾਸਿਕ ਵੇਰਵੇ ਪ੍ਰਾਪਤ ਹੁੰਦੇ ਹਨ।

ਦੂਜੀ ਵਾਰ 1999 ਈਸਵੀ ਵਿਚ ਖ਼ਾਲਸੇ ਦੇ 300 ਸਾਲਾ ਸਾਜਨਾ ਦਿਵਸ ਤੇ ਡਾ. ਉੱਤਮ ਸਿੰਘ ਭਾਟੀਆ ਅਤੇ ਖਜਾਨ ਸਿੰਘ ਨੇ ਮਹਿਮਾ ਪ੍ਰਕਾਸ਼ ਦਾ ਸੰਪਾਦਨ ਕੀਤਾ। ਉਨ੍ਹਾਂ ਇਸ ਗ੍ਰੰਥ ਨੂੰ ਦੋ ਭਾਗਾਂ ਵਿਚ ਵੰਡਿਆ ਅਤੇ ਦੂਜੇ ਭਾਗ ਦੇ ਅੱਗੋਂ ਫਿਰ ਦੋ ਖੰਡ ਕੀਤੇ ਹਨ :

**(1)** ਗੁਰੂ ਨਾਨਕ ਮਹਿਮਾ (ਭਾਗ ਪਹਿਲਾ) ਅਰਥਾਤ ਮਹਿਮਾ ਪ੍ਰਕਾਸ਼ (ਭਾਗ ਪਹਿਲਾ)।

**(2)** ਮਹਿਮਾ ਪ੍ਰਕਾਸ਼ ਭਾਗ ਦੂਜਾ (ਖੰਡ ਪਹਿਲਾ) ਅਤੇ ਮਹਿਮਾ ਪ੍ਰਕਾਸ਼ ਭਾਗ ਦੂਜਾ(ਖੰਡ ਦੂਜਾ)।

ਇਸਦਾ ਪਹਿਲਾ ਭਾਗ ਗੁਰੂ ਨਾਨਕ ਸਾਹਿਬ ਨਾਲ ਸੰਬੰਧਿਤ ਹੈ। ਇਸਦੇ 441 ਪੰਨੇ ਹਨ। ਇਸਦੇ ਦੂਜੇ ਭਾਗ ਦੇ ਪਹਿਲੇ ਖੰਡ ਵਿਚ ਗੁਰੂ ਅੰਗਦ ਦੇਵ ਜੀ ਤੋਂ ਲੈ ਕੇ ਗੁਰੂ ਅਰਜਨ ਦੇਵ ਜੀ ਨਾਲ ਸੰਬੰਧਿਤ ਸਾਖੀਆਂ ਹਨ ਅਤੇ ਇਸਦੇ 1 ਤੋਂ 395 ਤੱਕ ਪੰਨੇ ਹਨ। ਦੂਜੇ ਭਾਗ ਦੇ ਦੂਜੇ ਖੰਡ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੋਂ ਲੈ ਕੇ ਬੰਦਾ ਸਿੰਘ ਬਹਾਦਰ ਤੱਕ ਦੇ ਮਿਲਾਪ ਨਾਲ ਸੰਬੰਧਿਤ ਸਾਖੀਆਂ ਹਨ। ਇਸਦੇ 396 ਤੋਂ ਲੈ ਕੇ 874 ਤੱਕ ਪੰਨੇ ਹਨ। ਇਨ੍ਹਾਂ ਦੋਹਾਂ ਭਾਗਾਂ ਵਿਚ ਸਾਖੀਆਂ ਦੀ ਕੁੱਲ ਗਿਣਤੀ 229 ਹੈ। ਜਿਨ੍ਹਾਂ ਵਿਚ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ 57 ਸਾਖੀਆਂ, ਗੁਰੂ ਅੰਗਦ ਦੇਵ ਜੀ ਨਾਲ 16, ਗੁਰੂ ਅਮਰਦਾਸ ਜੀ ਨਾਲ 32, ਗੁਰੂ ਰਾਮਦਾਸ ਜੀ ਨਾਲ 08, ਗੁਰੂ ਅਰਜਨ ਦੇਵ ਜੀ ਨਾਲ 22, ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ 22, ਗੁਰੂ ਹਰਿ ਰਾਇ ਸਾਹਿਬ ਜੀ ਨਾਲ 21, ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨਾਲ 04, ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ 19, ਗੁਰੂ ਗੋਬਿੰਦ ਸਿੰਘ ਜੀ ਨਾਲ 28 ਸਾਖੀਆਂ ਮਿਲਦੀਆਂ ਹਨ (28ਵੀਂ ਸਾਖੀ ਬੰਦਾ ਸਿੰਘ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਮਿਲਾਪ ਨਾਲ ਸੰਬੰਧਿਤ ਹੈ।

ਇਸ ਰਚਨਾ ਵਿਚ ਗੁਰਬਾਣੀ ਦੇ ਸਿੱਧਾਂਤਾਂ ਦੀ ਦਾਰਸ਼ਨਿਕ ਤੇ ਵਿਹਾਰਿਕ ਵਿਆਖਿਆ ਤੋਂ ਇਲਾਵਾ ਸਿੱਖੀ ਜੀਵਨ ਮਾਰਗ ਦੀ ਰਹਿਤ ਮਰਿਯਾਦਾ ਸੰਬੰਧੀ ਵੀ ਜਾਣਕਾਰੀ ਪ੍ਰਾਪਤ ਹੁੰਦੀ ਹੈ। ਪੁਰਾਤਨ ਸਾਹਿਤਕਾਰ ਆਮ ਤੌਰ ਤੇ ਸਾਹਿਤ ਰਚਨਾ ਕਰਨ ਦੇ ਤਿੰਨ ਕਾਰਨ ਦੱਸਦੇ ਹਨ:-

**(1)** ਮਿੱਤਰਾਂ ਦੀ ਫ਼ੁਰਮਾਇਸ਼

**(2)** ਮਨ ਦਾ ਸ਼ੌਂਕ

**(3)** ਜਗੀਰ ਲੈਣ ਦਾ ਲਾਲਚ

ਪਰੰਤੂ ਸਰੂਪ ਦਾਸ ਭੱਲਾ ਨੂੰ ਉੱਪਰ ਲਿਖੀਆਂ ਤਿੰਨ ਸ਼੍ਰੇਣੀਆਂ ਵਿਚ ਪੂਰੀ ਤਰ੍ਹਾਂ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਉਨ੍ਹਾਂ ਦਾ ਇਹ ਗ੍ਰੰਥ ਲਿਖਣ ਪਿੱਛੇ ਮਕਸਦ ਇਕ ਜਗਿਆਸੂ ਹੋਣ ਨਾਤੇ ਗੁਰੂ ਮਹਿਮਾ ਵਰਣਨ ਕਰਨਾ ਹੈ। ਸਰੂਪ ਦਾਸ ਭੱਲਾ ਦਾ ਆਪਣੇ ਦਿਲੀ ਉਮਾਹ (ਚਾਉ) ਨੂੰ ਕਾਰਜ ਰੂਪ ਪ੍ਰਦਾਨ ਕਰਨ ਲਈ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੇ ਜੀਵਨ ਦੇ ਹਾਲਾਤ ਦਾ ਉਪਰਾਲਾ ਕਰਨਾ ਆਰੰਭ ਕਰ ਦਿੱਤਾ। ਇਹ ਉਨ੍ਹਾਂ ਦਾ ਗ੍ਰੰਥ ਸਿਰਜਣ ਦਾ ਪਹਿਲਾ ਪੜ੍ਹਾਅ ਸੀ। ਇਸ ਦਾ ਪਹਿਲਾ ਭਾਗ ਕਾਸ਼ੀ ਵਿਚ ਲਿਖਿਆ ਗਿਆ।(9) ਇਸ ਭਾਗ ਦੀ ਸਮੱਗਰੀ ਦਾ ਸੋਮਾ ਪੁਰਾਤਨ ਜਨਮਸਾਖੀ ਅਤੇ ਆਦਿ ਸਾਖੀਆਂ ਹਨ। ਉਸ ਤੋ ਬਾਅਦ ਬਾਵਾ ਸਰੂਪ ਦਾਸ ਪੰਜਾਬ ਵਿਚ ਆ ਗਿਆ ਲੱਗਦਾ ਹੈ। ਇੱਥੇ ਉਸਨੇ ਪ੍ਰਚਲਿਤ ਬਾਲੇ ਵਾਲੀ ਜਨਮਸਾਖੀ ਦਾ ਪ੍ਰਭਾਵ ਵੀ ਕਬੂਲਿਆ ਹੈ।(10) ਉਸਨੇ ਪਹਿਲੇ ਭਾਗ ਵਿਚ ਇਕ ਥਾਂ ਬਾਲੇ ਦਾ ਨਾਂ ਪਾ ਦਿੱਤਾ। ਗੁਰੂ ਅੰਗਦ ਸਾਹਿਬ ਦੇ ਪ੍ਰਸੰਗ ਵਿਚ ਉਸਨੇ ਜਨਮਸਾਖੀ ਭਾਈ ਬਾਲਾ ਵਰਤ ਲਈ ਬਾਕੀ ਗੁਰੂ ਸਾਹਿਬਾਨ ਨਾਲ ਸੰਬੰਧਿਤ ਸਮੱਗਰੀ ਉਨ੍ਹਾਂ ਨੇ ਪੁਰਾਤਨ ਜਨਮਸਾਖੀ, ਸੋਢੀ ਮਿਹਰਬਾਨ ਵਾਲੀ ਜਨਮਸਾਖੀ, ਆਦਿ ਸਾਖੀਆਂ, ਗੁਰੂ ਕੁਲ ਦੇ ਵਿਅਕਤੀਆਂ, ਆਪਣੇ ਵਡੇਰਿਆਂ ਅਤੇ ਗੁਰਸਿੱਖਾਂ ਤੋਂ ਸੁਣੀਆਂ ਸਾਖੀਆਂ ਤੋਂ ਲੈ ਕੇ ਇਸ ਗ੍ਰੰਥ ਦੀ ਰਚਨਾ ਕੀਤੀ। ਜਿਸਦਾ ਜ਼ਿਕਰ ਉਨ੍ਹਾਂ ਨੇ ਮਹਿਮਾ ਪ੍ਰਕਾਸ਼ ਵਿਚ ਇਸ ਤਰ੍ਹਾਂ ਕੀਤਾ ਹੈ :-

***ਦਿਵਸ ਏਕ ਮਨ ਭਇਆ ਉਮਾਹਾ॥***
***ਗੁਰ ਮਹਿਮਾ ਲਿਖ ਲੀਜੈ ਲਾਹਾ॥***
***ਸਤਿਗੁਰ ਮਹਿਮਾ ਪਤਿਤ ਉਧਾਰਨ॥***
***ਮਹਾ ਭੈ ਸਾਗਰ ਪਾਰ ਉਤਾਰਨ॥***
***ਜਨਮ ਸਾਖੀ ਤੇ ਆਦ ਜੋ ਸਾਖੀ॥***
***ਗੁਰਮੁਖਿ ਸਿਖਨ ਜੋ ਮੁਖ ਭਾਖੀ॥***
***ਗੁਰ ਕੁਲ ਪੁਰਖਨ ਜੋ ਮੁਖ ਕਹੀ॥***
***ਤਾ ਮੋ ਰਤਨ ਚੁਨਿ ਹਿਰ ਗਹੀ॥*** (11)

ਉਂਜ ਉਸਨੇ ਗੁਰੂ ਗ੍ਰੰਥ ਸਾਹਿਬ, ਦਸਮ ਗ੍ਰੰਥ, ਭਾਈ ਗੁਰਦਾਸ ਅਤੇ ਭਾਈ ਨੰਦ ਲਾਲ ਦੀਆਂ ਰਚਨਾਵਾਂ ਵਿਚੋਂ ਵੀ ਹਵਾਲੇ ਲਏ ਹਨ। ਬਾਵਾ ਸਰੂਪ ਦਾਸ ਅਨੁਸਾਰ ਇਸ ਰਚਨਾ ਦਾ ਉਦੇਸ਼ ਗੁਰੂ ਉਸਤਤ ਹੈ।(12) ਪਰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ। ਇਹ ਸਹੀ ਹੈ ਕਿ ਉਸਨੇ ਇਸ ਰਚਨਾ ਵਿਚ ਗੁਰੂ ਮਹਿਮਾ ਦੇ ਸਰੋਤ ਸ਼ਬਦ ਅਤੇ ਸਲੋਕ ਲਿਖੇ ਹਨ। ਉਹ ਇਸ ਵਿਚ ਅਜਿਹੀਆਂ ਸਾਖੀਆਂ ਵੀ ਸ਼ਾਮਲ ਕਰਦਾ ਹੈ ਜਿਨ੍ਹਾਂ ਤੋ ਗੁਰੂ ਸਾਹਿਬਾਨ ਦੀ ਉਸਤਤ ਉਭਰਦੀ ਹੈ। ਕੁਝ ਸਾਖੀਆਂ ਗੁਰੂ ਸਾਹਿਬਾਨ ਸਿੱਖਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਤੋਂ ਗੁਰੂ ਜੀ ਦੀ ਉਸਤਤ ਵਿਚ ਵਾਧਾ ਹੁੰਦਾ ਹੈ। ਇਉਂ ਉਸਦੀ ਰਚਨਾ ਦਾ ਉਦੇਸ਼ ਗੁਰੂ ਉਪਮਾ ਪ੍ਰਤੀਤ ਹੁੰਦਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਗੁਰੂ ਘਰ ਵਿਚ ਬਹੁਤ ਵਿਸ਼ਵਾਸ਼ ਹੋਣ ਕਾਰਨ ਮੁੱਖ ਉੱਦੇਸ਼ ਗੁਰੂ ਸਾਹਿਬਾਨ ਦੇ ਜੀਵਨ ਚਰਿੱਤਰ ਨੂੰ ਪ੍ਰਸਤੁਤ ਕਰਨ ਦੇ ਨਾਲ-ਨਾਲ ਭੱਲਾ ਖ਼ਾਨਦਾਨ ਦੀ ਉਸਤਤ ਕਰਨਾ ਵੀ ਮੁੱਖ ਕਾਰਨ ਬਣ ਗਿਆ।

ਜਿਵੇਂ ਕਿ ਮਹਿਮਾ ਪ੍ਰਕਾਸ਼ ਵਿਚ ਦਰਜ ਅਧਿਕਤਰ ਸਾਖੀਆਂ ਦਾ ਆਧਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਤੇ ਵੱਖ-ਵੱਖ ਜਨਮਸਾਖੀਆਂ ਹਨ। ਇਸ ਕਰਕੇ ਸਰੂਪ ਦਾਸ ਭੱਲਾ ਦੀ ਵਿਚਾਰਧਾਰਾ ਅਧਿਆਤਮਿਕ ਤੱਤ ਦੇ ਦੁਆਲੇ ਘੁੰਮਦੀ ਹੈ, ਇਸ ਲਈ ਉਨ੍ਹਾਂ ਦੀ ਵਿਚਾਰਧਾਰਾ ਦਾ ਕੇਂਦਰ ਗੁਰਮਤਿ ਵਿਚਾਰਧਾਰਾ ਬਣਦੀ ਹੈ। ਪਰ ਇਹ ਉਦੇਸ਼ ਉਹ ਹੈ ਜੋ ਉਸਨੇ ਪ੍ਰਗਟ ਕੀਤਾ ਹੈ। ਦੂਜੇ ਪਾਸੇ ਇਸ ਰਚਨਾ ਵਿਚ ਅਜਿਹੀ ਸਮੱਗਰੀ ਵੀ ਹੈ ਜੋ ਗੁਰੂ ਉਪਮਾ ਨਾਲ ਸੰਬੰਧਿਤ ਨਹੀਂ। ਉਸਨੂੰ ਗੁਰੂ

ਸਾਹਿਬਾਨ ਦੀ ਸ਼ਹੀਦੀ ਦੇ ਕਾਰਨਾਂ ਅਤੇ ਮਹੱਤਤਾ ਦਾ ਪਤਾ ਨਹੀਂ। ਉਹ ਇਨ੍ਹਾਂ ਘਟਨਾਵਾਂ ਨੂੰ ਵਿਅਕਤੀਗਤ ਵਿਰੋਧ ਅਤੇ ਬਦਲੇ ਦੀ ਭਾਵਨਾ ਤੱਕ ਸੀਮਤ ਕਰ ਲੈਂਦਾ ਹੈ। ਉਹ ਇਹ ਸੋਚਦਾ ਹੋਇਆ ਕਿ ਗੁਰੂ ਸਾਹਿਬਾਨ ਦੀ ਸ਼ਹੀਦੀ ਜ਼ਾਲਮ ਮੁਗ਼ਲਾਂ ਹੱਥੋਂ ਨਾਂ ਹੋਵੇ ਸ਼ਹੀਦੀ ਨੂੰ ਆਤਮ ਹੱਤਿਆ ਵਿਚ ਬਦਲ ਦਿੰਦਾ ਹੈ। ਜਿਵੇਂ ਗੁਰੂ ਤੇਗ ਬਹਾਦਰ ਖ਼ੁਦ ਮੁਗ਼ਲਾਂ ਹੱਥੋਂ ਸ਼ਹੀਦ ਹੋਣਾ ਪਸੰਦ ਨਹੀਂ ਕਰਦੇ ਅਤੇ ਉਹ ਕਿਸੇ ਰਾਜਪੂਤ ਨੂੰ ਬੁਲਾ ਕੇ ਉਸ ਤੋਂ ਆਪਣਾ ਸਿਰ ਕਟਵਾ ਲੈਂਦੇ ਹਨ।[13] ਉਹ ਗੁਰੂ ਸਾਹਿਬਾਨ ਨਾਲ ਕਈ ਕਰਮਕਾਂਡ ਅਤੇ ਰਹੁਰੀਤਾ ਨਾਲ ਸੰਬੰਧਿਤ ਸਾਖੀਆਂ ਵੀ ਜੋੜ ਦਿੰਦਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਨਾਲ ਸੰਬੰਧਿਤ 17ਵੀਂ ਸਾਖੀ ਵਿਚ ਉਹ ਗੁਰੂ ਜੀ ਨੂੰ ਚੰਡੀ ਦੀ ਪੂਜਾ ਕਰਾਉਂਦਾ ਦਿਖਾਉਂਦਾ ਹੈ।[14] ਉਸਦੀਆਂ ਕਈ ਸਾਖੀਆਂ ਦੀ ਸਮੱਗਰੀ ਤੋਂ ਗੁਰੂ ਸਾਹਿਬਾਨ ਦੀ ਸਮਰੱਥਾ ਉੱਤੇ ਸ਼ੰਕਾ ਪੈਦਾ ਹੁੰਦੀ ਹੈ। ਗੁਰੂ ਹਰਿਰਾਏ ਦੇ ਪ੍ਰਸੰਗ ਵਿਚ ਕਹਿੰਦਾ ਹੈ ਕਿ ਗੁਰੂ ਜੀ ਸੰਗਤਾ ਦੀ ਅਨੁਸ਼ਾਸਨਹੀਣਤਾ ਨੂੰ ਦਸਵੇਂ ਜਾਮੇਂ ਵਿਚ ਸੁਧਾਰਨਗੇ।[15] ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ਉਹ ਗੁਰੂ ਜੀ ਤੋਂ ਭਵਿੱਖਵਾਣੀ ਕਰਵਾਉਂਦਾ ਹੈ ਕਿ ਬਾਬਾ ਬੰਦਾ ਸਿੰਘ ਬਹਾਦਰ ਇਹ ਕੰਮ ਕਰੇਗਾ।[16] ਇਸ ਕਰਕੇ ਇਹ ਜਾਪਦਾ ਹੈ ਕਿ ਬਾਵਾ ਸਰੂਪ ਦਾਸ ਦਾ ਇਸ ਰਚਨਾ ਦਾ ਮੰਤਵ ਗੁਰੂ ਉਸਤਤ ਤੋਂ ਇਲਾਵਾ ਹੋਰ ਵੀ ਹੈ ਜਿਸ ਦਾ ਅਧਿਐਨ ਕਰਨਾ ਦਿਲਚਸਪ ਹੋਵੇਗਾ। ਬਾਵਾ ਸਰੂਪ ਦਾਸ ਨੇ ਮਹਿਮਾ ਪ੍ਰਕਾਸ਼ ਵਿਚ ਕੁੱਝ ਅਜਿਹੀਆਂ ਘਟਨਾਵਾਂ ਸ਼ਾਮਲ ਕੀਤੀਆ ਹਨ, ਜੋ ਅਸੰਭਵ ਤਾਂ ਨਹੀਂ ਪਰ ਇਸ ਤੋਂ ਪੂਰਬਲੀਆਂ ਤੇ ਸਮਕਾਲੀ ਰਚਨਾਵਾਂ ਵਿਚ ਨਹੀਂ ਮਿਲਦੀਆਂ।

ਗੁਰੂ ਅਮਰਦਾਸ ਦੇ ਪੁਤਰ ਬਾਬਾ ਮੋਹਰੀ ਜੀ ਵੱਲੋਂ ਗੁਰੂ ਸਾਹਿਬ ਸੰਸਥਾ ਦਾ ਵਿਰੋਧ ਜਿਸਦਾ ਜ਼ਿਕਰ ਭਾਈ ਗੁਰਦਾਸ ਨੇ ਕੀਤਾ ਹੈ[17] ਮਹਿਮਾ ਪ੍ਰਕਾਸ਼ ਵਿਚੋਂ ਨਹੀਂ ਮਿਲਦਾ। ਸਗੋਂ ਇਸ ਅਨੁਸਾਰ ਜੇਠਾ ਜੀ (ਗੁਰੂ ਰਾਮਦਾਸ) ਗੁਰੂ ਅਮਰਦਾਸ ਜੀ ਨੂੰ ਪ੍ਰੇਰਣਾ ਦਿੰਦੇ ਹਨ ਕਿ ਗੁਰਿਆਈ ਬਾਬਾ ਮੋਹਰੀ ਜੀ ਨੂੰ ਦੇ ਦਿੱਤੀ ਜਾਵੇ।[18] ਗੁਰੂ ਅਮਰਦਾਸ ਵੀ ਜੇਠਾ ਜੀ ਨੂੰ ਜਤਾਉਂਦੇ ਹਨ ਕਿ ਹੱਕ ਤਾਂ ਗੁਰੂ ਪੁੱਤਰਾਂ ਦਾ ਸੀ ਪਰ ਮੈਂ ਤੈਨੂੰ ਬਖ਼ਸ਼ਿਸ਼ ਕਰ ਰਿਹਾ ਹਾਂ।[19]

ਬਾਵਾ ਸਰੂਪ ਦਾਸ ਮੁਤਾਬਿਕ ਗੁਰੂ ਰਾਮਦਾਸ ਜੀ ਨੇ ਆਪਣੇ ਜਿਉਂਦਿਆਂ ਗੁਰਿਆਈ ਦਾ ਤਿਲਕ ਨਹੀਂ ਲਾਇਆ ਸਗੋਂ ਬਾਬਾ ਮੋਹਰੀ ਜੀ ਨੇ ਪ੍ਰਿਥੀਏ (ਬਾਬਾ ਪ੍ਰਿਥੀ ਚੰਦ) ਦੀ ਸਲਾਹ ਨਾਲ ਗੁਰਿਆਈ ਗੁਰੂ ਅਰਜਨ ਦੇਵ ਜੀ ਨੂੰ ਦਿੱਤੀ।[20] ਪਰ ਭੱਟ ਬਾਣੀ ਅਨੁਸਾਰ ਗੁਰੂ ਰਾਮਦਾਸ ਜੀ ਨੇ ਆਪ ਜਿਉਂਦਿਆਂ ਹੀ ਗੁਰਿਆਈ ਗੁਰੂ ਅਰਜਨ ਨੂੰ ਦੇ ਦਿੱਤੀ ਸੀ।[21]

ਇਹ ਵੀ ਪਤਾ ਲੱਗਦਾ ਹੇ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਭਤੀਜੇ ਮਿਹਾਰਬਾਨ ਨੂੰ ਗੋਦ ਲਿਆ ਸੀ।[22] ਪਰ ਇਸ ਬਾਰੇ ਹਰਿ ਜੀ ਕ੍ਰਿਤ 'ਗੋਸਟਿ ਮਿਹਰਬਾਨ' ਵਿਚੋ ਕੁੱਝ ਵੀ ਪਤਾ ਨਹੀਂ ਲਗਦਾ।[23] ਗੁਰੂ ਅਰਜਨ ਦੇਵ ਦੀ ਸ਼ਹੀਦੀ ਸਮੇਂ ਲਾਹੌਰ ਜਾਣ ਸਮੇਂ ਬਾਵਾ ਅਰਥ ਮੱਲ ਨਾਲ ਜੋ ਬਾਬਾ ਮੋਹਰੀ ਦਾ ਪੁੱਤਰ ਸੀ ਨਾਲ ਸਲਾਹ ਮਸ਼ਵਰਾ ਕਰਦੇ ਸਨ।[24] ਗੁਰੂ ਹਰਿਗੋਬਿੰਦ ਜੀ ਗੋਇੰਦਵਾਲ ਇਸ ਲਈ ਤਿਆਗਦੇ ਸਨ ਕਿ ਯੁੱਧਾਂ ਕਾਰਨ ਗੁਰੂ ਕੁਲ ਦੇ ਵਿਅਕਤੀਆਂ ਨੂੰ ਕਸ਼ਟ ਨਾ ਹੋਵੇ।[25] ਬਾਬਾ ਪ੍ਰਿਥੀ ਚੰਦ ਦੇ ਪੁੱਤਰ ਮਿਹਰਬਾਨ ਦੀ ਮੌਤ ਸਮੇਂ ਸ਼ੋਕ ਪ੍ਰਗਟ ਕਰਦੇ ਸਨ ਅਤੇ ਪਛਤਾਉਂਦੇ ਹਨ ਕਿ ਬਾਬਾ ਮਿਹਰਬਾਨ ਨੇ ਤਾਂ ਗੁਰੂ ਅਮਰਦਾਸ ਜੀ ਦੀ ਟਹਿਲ ਕੀਤੀ ਸੀ ਪਰ ਅਸੀਂ ਗੁਰੂ ਕੁਲ ਦੀ ਸੇਵਾ ਨਹੀਂ ਕਰ ਸਕੇ। ਉਹ ਉਚੇਚਾ ਗੁਰੂ ਅਮਰਦਾਸ ਦੇ ਪੋਤਰੇ ਬਾਬਾ ਆਨੰਦ ਨੂੰ ਗੋਇੰਦਵਾਲ ਤੋਂ ਬੁਲਾ ਕੇ ਉਸਦੀ ਪੂਜਾ ਕਰਦੇ ਸਨ।[26]

ਗੁਰੂ ਹਰਿਰਾਏ ਜੀ ਖਡੂਰ ਤੇ ਗੋਇੰਦਵਾਲ ਜਾ ਕੇ ਗੁਰੂ ਅੰਸ ਦਾ ਸਤਿਕਾਰ ਕਰਦੇ ਹਨ।[27] ਉਹ ਭਗਵਾਨ ਗਿਰ ਸੰਨਿਆਸੀ ਨੂੰ ਆਪ ਫ਼ਕੀਰੀ ਦੀ ਬਖ਼ਸ਼ਿਸ਼ ਨਹੀਂ ਕਰਦੇ ਸਗੋਂ ਗੁਰੂ ਨਾਨਕ ਦੇਵ ਦੇ ਵੰਸ਼ਜ਼ ਬਾਬਾ ਮਿਹਰ ਚੰਦ ਬੇਦੀ ਪਾਸ ਭੇਜਦੇ ਸਨ।[28]

ਗੁਰੂ ਤੇਗ ਬਹਾਦਰ ਨੂੰ ਗੁਰਿਆਈ ਮਿਲਣ ਸਮੇਂ ਉਨ੍ਹਾਂ ਦੀ ਮਾਤਾ ਨਾਨਕੀ ਜੀ ਬਾਬਾ ਦੁਆਰਕਾ ਦਾਸ ਭੱਲਾ ਨੂੰ ਗੋਇੰਦਵਾਲ ਤੋ ਬੁਲਾ ਕੇ ਉਸਦੀ ਪੂਜਾ ਕਰਦੇ ਹਨ, ਤੇ ਉਹੀ ਗੁਰੂ ਤੇਗ ਬਹਾਦਰ ਨੂੰ ਗੁਰਿਆਈ ਦਾ ਤਿਲਕ ਲਾਉਂਦਾ ਹੈ।[29] ਇਸਦੇ ਮੁਕਾਬਲੇ ਕੇਸਰ ਸਿੰਘ ਛਿੱਬਰ ਨੇ ਆਪਣੀ ਰਚਨਾ ਬੰਸਾਵਲੀਨਾਮਾ ਦਸਾਂ ਪਾਤਿਸ਼ਾਹੀਆਂ ਕਾ ਵਿਚ ਆਪਣੇ ਵਡੇਰੇ ਬਾਬਾ ਦਰਗਾਹ ਮੱਲ ਛਿੱਬਰ ਤੋਂ ਗੁਰਿਆਈ ਸੰਬੰਧੀ ਗੁਰੂ ਤੇਗ ਬਹਾਦਰ ਦੇ ਹੱਕ ਵਿਚ ਫ਼ੈਸਲਾ ਕਰਾਇਆ ਹੈ।[30]

ਤ੍ਰੇਹਣ ਸਾਹਿਬਾਜ਼ਾਦੇ ਬਾਾਬਾ ਬਿਨੋਦ ਸਿੰਘ ਤੇ ਬਾਬਾ ਕਾਂਨ ਸਿੰਘ, ਬਾਬਾ ਬੰਦਾ ਸਿੰਘ ਬਹਾਦਰ ਦੇ ਸਾਥੀਆਂ ਵਿਚੋਂ ਵਿਸ਼ੇਸ਼ ਉੱਲੇਖਨੀਏ ਸਮਝੇ ਗਏ ਹਨ। ਸਿਵਾਏ ਇਨ੍ਹਾਂ ਤੇ ਬਾਬਾ ਬਾਜ਼ ਸਿੰਘ ਤੋ ਬਿਨਾ ਹੋਰ ਕਿਸੇ ਸਿੱਖ ਦਾ ਉੱਲੇਖ ਜ਼ਰੂਰੀ ਨਹੀਂ ਸਮਝਿਆ ਗਿਆ। ਬਾਬਾ ਬਿਨੋਦ ਸਿੰਘ ਦੇ ਬਾਬਾ ਬੰਦਾ ਸਿੰਘ ਬਹਾਦਰ ਦੇ ਘੇਰੇ ਸਮੇਂ ਮੁਗ਼ਲ ਫ਼ੌਜ਼ ਤੇ ਸਫ਼ਲ ਛਾਪੇਮਾਰ ਹਮਲੇ ਕੀਤੇ। ਜਦੋਂ ਬਾਬਾ ਬੰਦਾ ਸਿੰਘ ਬਹਾਦਰ ਹੰਕਾਰ ਵਿਚ ਆ ਕੇ ਹੋਰ ਵਿਆਹ ਕਰਨ ਦੀ ਸੋਚਦਾ ਹੈ ਤਾਂ ਬਾਬਾ ਬਿਨੋਦ ਸਿੰਘ ਉਸਨੂੰ ਮਾਰ ਦੇਣਾ ਚਾਹੁੰਦਾ ਹੈ ਤਾਂ ਬਾਬਾ ਕਾਂਨ ਸਿੰਘ ਉਸ ਨੂੰ ਬਚਾ ਲੈਂਦਾ ਹੈ। ਬਿਨੋਦ ਸਿੰਘ ਦੇ ਗੋਇੰਦਵਾਲ ਜਾਣ ਤੋਂ ਬਾਅਦ ਬਾਬਾ ਕਾਂਨ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਪਾਸ ਰਹਿ ਜਾਂਦਾ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਸਮੇਂ ਬਾਬਾ ਕਾਂਨ ਸਿੰਘ ਨੂੰ ਬਚਾ ਲਿਆ ਜਾਂਦਾ ਹੈ। ਉਸਨੂੰ ਬਚਾਉਣ ਵਿਚ ਗੁਰੂ ਗੋਬਿੰਦ ਸਿੰਘ ਦੀ ਪਤਨੀ ਮਾਤਾ ਸੁੰਦਰੀ ਵਿਸ਼ੇਸ਼ ਯਤਨ ਕਰਦੇ ਕਹਿੰਦੇ ਹਨ 'ਜੋ ਕਾਂਨ ਸਿੰਘ ਜੀ ਕੋ ਕਿਸੀ ਤਰਾ ਛੁਡਾਇਆ ਚਾਹੀਏ॥ ਨਾਹੀ ਤੋ ਜਹਾਂ ਇਨਕਾ ਲੋਹੂ ਪੜੇਗਾ ਊਹਾ ਅਪਰਾਧ ਆਇ ਜਾਇਗਾ॥ ਅਰੁ ਸਿਖਾਂ ਕੀ ਸਿਖੀ ਬਿਖੈ ਤਫਾਉਤ ਹੋਵੈਗੀ। ਕਿਸ ਵਾਸਤੇ ਜੋ ਗੁਰੂ ਅੰਗਤ ਸਾਹਿਬ ਕੀ ਅਉਲਾਦ ਹੈ॥ ਅਰੁ ਗੁਰੂ ਜੀ ਕੇ ਹਜੂਰੀ ਹੈਂ॥ '[31]

ਇਸ ਤੋਂ ਇਲਾਵਾ ਬਾਬਾ ਕਾਂਨ ਸਿੰਘ ਦੀ ਬਹਾਦਰੀ ਦੀਆਂ ਹੋਰ ਘਟਨਾਵਾਂ ਦਿਖਾਈਆਂ ਗਈਆਂ ਹਨ। ਉਹ ਪਠਾਣ ਜ਼ਿਮੀਦਾਰ ਤੋਂ ਕਿਸੇ ਸਿੱਖ ਨੂੰ ਕਰਜ਼ੇ ਤੋਂ ਮੁਕਤ ਕਰਾਉਂਦਾ ਹੈ ਅਤੇ ਅੰਮ੍ਰਿਤਸਰ ਵਾਪਿਸ ਜਾਂਦਾ ਹੋਇਆ ਸ਼ਾਹੀ ਖ਼ਜ਼ਾਨਾ ਲੁੱਟਦਾ ਹੈ।[32]

ਇਨ੍ਹਾਂ ਵਿਲੱਖਣ ਘਟਨਾਵਾਂ ਨੂੰ ਇਸ ਰਚਨਾ ਵਿਚ ਸ਼ਾਮਲ ਕਰਨ ਤੋਂ ਪਤਾ ਲਗਦਾ ਹੈ ਕਿ ਬਾਬਾ ਸਰੂਪ ਦਾਸ ਭੱਲਾ ਗੁਰੂ ਉਸਤਤ ਤੋਂ ਬਿਨਾ ਬੇਦੀ, ਸੋਢੀ, ਭੱਲੇ ਤੇ ਤ੍ਰੇਹਣ ਗੁਰੂ ਅੰਸ਼ ਦੀ ਆਮ ਕਰਕੇ ਅਤੇ ਆਪਣੀ ਵੰਸ਼ ਦੀ ਖ਼ਾਸ ਕਰਕੇ ਵਡਿਆਈ ਕਰਨਾ ਚਾਹੁੰਦਾ ਹੈ। ਉਹ ਦੱਸਣਾ ਚਾਹੁੰਦਾ ਹੈ ਕਿ ਗੁਰੂ ਸਾਹਿਬਾਨ ਗੁਰੂ ਕੁਲ ਵੱਲੋਂ ਗੁਰੂ ਸੰਸਥਾ ਦੇ ਵਿਰੋਧ ਦੇ ਬਾਵਜੂਦ ਵੀ ਇਸ ਉੱਪਰ ਬਹੁਤ ਮਿਹਰਬਾਨ ਸਨ ਅਤੇ ਉਹ ਖ਼ਾਸਖ਼ਾਸ ਮੌਕਿਆਂ ਉੱਤੇ ਗੁਰੂ ਕੁਲ ਤੋਂ ਸਲਾਹ ਅਤੇ ਸਹਾਇਤਾ ਲੈਂਦੇ ਸਨ। ਉਹ ਗੁਰੂ ਕੁਲ ਦੀ ਸੁਰੱਖਿਆ ਦਾ ਖ਼ਾਸ ਧਿਆਨ ਰੱਖਦੇ ਸਨ ਅਤੇ ਸੰਬੰਧਿਤ ਵਿਅਕਤੀਆਂ ਦੀ ਪੂਜਾ ਵੀ ਕਰਦੇ ਸਨ।

ਉਪਰੋਕਤ ਅਧਿਐਨ ਵਿਚੋਂ ਮਿਸਲ ਕਾਲ ਦੇ ਆਰੰਭ ਵਿਚ ਗੁਰੂ ਕੁਲ ਤੇ ਸਿੱਖ ਸਰਦਾਰਾਂ ਦੇ ਆਪਸੀ ਸੰਬੰਧ ਸਮਝੇ ਜਾ ਸਕਦੇ ਹਨ। ਮਿਸਲਦਾਰਾਂ ਨੂੰ ਗੁਰੂ ਕੁਲ ਜਿਹੀ ਧਾਰਮਿਕ ਤੇ ਪ੍ਰੋਹਤ ਸ਼੍ਰੈਣੀ ਸਿੱਖ ਵੱਸੋਂ ਮਾਨਤਾ ਵਾਸਤੇ ਚਾਹੀਦੀ ਸੀ, ਤੇ ਗੁਰੂ ਕੁਲ ਨੂੰ ਆਪੇ ਨੂੰ ਕਾਇਮ ਰੱਖਣ ਲਈ ਸਰਦਾਰਾਂ ਪਾਸੋਂ ਆਰਥਿਕ ਲਾਭ ਦੀ ਜ਼ਰੂਰਤ ਸੀ।

ਮਹਿਮਾ ਪ੍ਰਕਾਸ਼ ਦੀ 1854 ਬਿਕ੍ਰਮੀ ਦੀ ਹੱਥ ਲਿਖਤ ਨਾਲ ਇਕ ਹੋਰ ਰਚਨਾ 'ਫ਼ਤਿਹਨਾਮਾ ਗੁਰੂ ਖ਼ਾਲਸਾ ਜੀ ਕਾ' ਹੈ, ਜੋ ਬਾਬਾ ਕ੍ਰਿਪਾ ਦਿਆਲ ਜੀ ਦੀ ਰਚਨਾ ਹੈ।[33] ਇਸ ਰਚਨਾ ਵਿਚ ਤੱਤਕਾਲੀ ਸਿੱਖ ਸਰਦਾਰਾਂ ਰਾਹੀਂ ਕਪਤਾਨ ਹਮਲਾਵਰਾਂ ਵਿਰੁੱਧ ਲੜਾਈ ਦੇ ਕਾਰਨਾਮੇ ਲਏ ਗਏ ਹਨ ਅਤੇ ਉਨ੍ਹਾਂ ਦੀ ਉਪਮਾ ਵੀ ਕੀਤੀ ਗਈ ਹੈ। ਮਹਿਮਾ

ਪ੍ਰਕਾਸ਼ ਦੇ ਨਾਲ ਉਪਰੋਕਤ ਰਚਨਾ ਨੂੰ ਜੋੜਣਾ ਇਉਂ ਲੱਗਦਾ ਹੈ ਕਿ ਤੱਤਕਾਲੀ ਸਰਦਾਰਾਂ ਪਾਸੋਂ ਕਿਸੇ ਆਰਥਿਕ ਲਾਭ ਹਿਤ ਪੇਸ਼ ਕਰਨ ਵਾਸਤੇ ਹੋਵੇ। ਇਸੇ ਦੀ 1857 ਬਿਕ੍ਰਮੀ ਵਾਲੀ ਹੱਥ ਲਿਖਤ ਬਉਲੀ ਸਾਹਿਬ (ਗੋਇੰਦਵਾਲ) ਵਿਚ ਬਾਬਾ ਤੇਲਾ ਸਿੰਘ ਭੱਲਾ ਦੇ ਪੁੱਤਰ ਬਾਬਾ ਪੰਜਾਬ ਸਿੰਘ ਨੂੰ ਭੇਟਾ ਕੀਤੀ ਗਈ ਹੈ।(34) ਪਰ ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਇਸ ਹੱਥ ਲਿਖਤ ਨੂੰ ਬਾਬਾ ਪੰਜਾਬ ਸਿੰਘ ਨੇ ਕਿਸ ਮੰਤਵ ਲਈ ਵਰਤਿਆ ਹੈ। ਹੋ ਸਕਦਾ ਹੈ ਕਿ ਬਉਲੀ ਸਾਹਿਬ (ਗੋਇੰਦਵਾਲ) ਦਾ ਪ੍ਰਬੰਧਕ ਹੋਣ ਕਰਕੇ ਉਸਨੇ ਇਹ ਰਚਨਾ ਜਾਂ ਉਸਦੀ ਕਾਪੀ ਤੱਤਕਾਲੀ ਮਿਸਲਦਾਰ ਸਰਦਾਰਾਂ ਨੂੰ ਭੇਂਟ ਕੀਤੀ ਹੋਵੇ। ਪਰ ਇਸ ਸੰਬੰਧੀ ਹੋਰ ਖੋਜ ਦੀ ਲੋੜ ਹੈ।

ਇਸ ਦੀ ਪੁਸ਼ਟੀ ਗੋਇੰਦਵਾਲ ਦੇ ਗੁਰਦਵਾਰਿਆਂ ਦੇ ਨਾਂ ਲੱਗੀ ਜ਼ਗੀਰ ਤੋਂ ਵੀ ਹੁੰਦੀ ਹੈ। ਇਸ ਪ੍ਰਤੀ ਜ਼ਿਲ੍ਹਾ ਅੰਮ੍ਰਿਤਸਰ ਦੇ ਜ਼ਗੀਰ ਰਜ਼ਿਸਟਰ ਤੇ ਮਹਾਨ ਕੋਸ਼ ਤੋਂ ਵੀ ਪਤਾ ਲਗਦਾ ਹੈ। ਮਹਾਨ ਕੋਸ਼ ਅਨੁਸਾਰ 1155 ਰੁਪਏ ਦੀ ਜ਼ਗੀਰ ਗੋਇੰਦਵਾਲ, ਟੋਡੇਵਾਲ, ਦੁੱਗਲਵਾਲਾ ਅਤੇ ਫ਼ਤਿਹਚੱਕ ਦੇ ਨਾਂ ਸੀ। ਅਜਿਹੀ ਜ਼ਮੀਨ ਖਡੂਰ, ਕਾਂਵਾਂ, ਅਕਬਰਪੁਰਾ, ਮਿਆਨੀ, ਖੱਖ, ਝੰਡੇਰ, ਵੈਰੋਵਾਲ, ਧੂੰਦਾ, ਆਦਿ ਪਿੰਡਾਂ ਵਿਚ ਵੀ ਸੀ।(35)

**ਹਵਾਲੇ :**


***(1)*** *ਕੁਲਵਿੰਦਰ ਸਿੰਘ ਬਾਜਵਾ (ਸੰ:), ਮਹਿਮਾ ਪ੍ਰਕਾਸ਼ (ਵਾਰਤਕ), ਭੂਮਿਕਾ, ਪੰਨਾ 1314.*

***(2)*** *ਉਹੀ, ਭੂਮਿਕਾ, ਪੰਨਾ 2021.*

***(3)*** *ਹੱਥ ਲਿਖਤ ਖਰੜਾ ਨੰਬਰ176, ਭਾਸ਼ਾ ਵਿਭਾਗ ਲਾਇਬ੍ਰੇਰੀ ਪੰਜਾਬ, ਪਟਿਆਲਾ, ਪੰਨਾ198.*

***(4)*** *ਗੁਰਬਚਨ ਸਿੰਘ ਨਈਅਰ, ਸਿੱਖ ਇਤਿਹਾਸ ਦੇ ਚੋਣਵੇ ਮੂਲ ਸ੍ਰੋਤ(14691849) ਅਧਿਐਨ ਤੇ ਮੁਲਾਂਕਣ, ਪੰਨਾ 245.*

***(5)*** *ਉਹੀ, ਪੰਨਾ 2.*

***(6)*** *ਮਹਿਮਾ ਪ੍ਰਕਾਸ (ਭਾਗ ਦੂਜਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1971, ਭੂਮਿਕਾ, ਪੰਨਾ 48.*

***(7)*** *ਉੱਤਮ ਸਿੰਘ ਭਾਟੀਆ (ਸੰ:), ਗੁਰੂ ਨਾਨਕ ਮਹਿਮਾ(ਭਾਗ ਪਹਿਲਾ), 1999, ਭੂਮਿਕਾ, ਪੰਨਾ 1.*

***(8)*** *ਉਹੀ, ਭੂਮਿਕਾ, ਪੰਨਾ 4.*

***(9)*** *ਕਰਮ ਸਿੰਘ ਹਿਸਟੋਰੀਅਨ, ਕੱਤਕ ਕਿ ਵਿਸਾਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 1979, ਪੰਨਾ 137.*

***(10)*** *ਮਹਿਮਾ ਪ੍ਰਕਾਸ਼ (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨਾ 4.*

***(11)*** *ਹੱਥ ਲਿਖਤ ਖਰੜਾ ਨੰਬਰ176, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, ਪੰਨਾ 2.*

***(12)*** *ਉਹੀ (ਭਾਗ ਪਹਿਲਾ), ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1970, ਪੰਨਾ 4.*

***(13)*** *ਉਹੀ, (ਭਾਗ ਦੂਜਾ), ਸਾਖੀ ਨੰ: 9 ਅਤੇ 19.*

***(14)*** *ਉਹੀ, ਪੰਨੇ 82021.*

***(15)*** *ਉਹੀ, ਪੰਨਾ 624.*

***(16)*** *ਉਹੀ, ਪੰਨਾ 882.*

***(17)*** *ਵਾਰਾਂ ਭਾਈ ਗੁਰਦਾਸ, ਖ਼ਾਲਸਾ ਸਮਾਚਾਰ, ਅੰਮ੍ਰਿਤਸਰ, 1962, ਪੰਨੇ 2633.*

***(18)*** *ਉਹੀ, ਪੰਨਾ 264.*

***(19)*** *ਉਹੀ, ਪੰਨਾ 265.*

***(20)*** *ਉਹੀ, ਪੰਨਾ 309.*

***(21)*** *ਗੁਰੂ ਗ੍ਰੰਥ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,ਪੰਨਾ 1407.*

***(22)*** *ਮਹਿਮਾ ਪ੍ਰਕਾਸ਼ (ਭਾਗ ਦੂਜਾ), ਪੰਨਾ 512.*

***(23)*** *ਗੋਸਟਿ ਗੁਰੂ ਮਿਹਰਵਾਨ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1974, ਪੰਨੇ 169352.*

***(24)*** *ਮਹਿਮਾ ਪ੍ਰਕਾਸ਼ (ਭਾਗ ਦੂਜਾ), ਪੰਨਾ 412.*

***(25)*** *ਉਹੀ, ਪੰਨੇ 424425.*

***(26)*** *ਉਹੀ, ਪੰਨੇ 511516.*

***(27)*** *ਉਹੀ, ਪੰਨੇ 594595.*

***(28)*** *ਉਹੀ, ਪੰਨੇ 555559.*

***(29)*** *ਉਹੀ, ਪੰਨੇ 454456.*

***(30)*** *ਬੰਸਾਵਲੀਨਾਮਾਂ ਦਸਾਂ ਪਾਤਿਸ਼ਾਹੀਆਂ ਕਾ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 1972, ਪੰਨਾ 83.*

***(31)*** *ਮਹਿਮਾ ਪ੍ਰਕਾਸ਼ (ਭਾਗ ਦੂਜਾ), ਪੰਨਾ 897.*

***(32)*** *ਉਹੀ, ਪੰਨੇ 898900.*

***(33)*** *ਮਹਿਮਾ ਪ੍ਰਕਾਸ਼ (ਹੱਥ ਲਿਖਤ ਖਰੜਾ ਐਮ 792), ਪੰਜਾਬ ਸਟੇਟ ਆਰਕਾਈਵਜ਼, ਪਟਿਆਲਾ, ਪੰਨੇ 75253.*

***(34)*** *ਮਹਿਮਾ ਪ੍ਰਕਾਸ਼ (ਭਾਗ ਦੂਜਾ), ਪੰਨਾ 900.*

***(35)*** *ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ, 1974, 427.*


☸ ☸

## UGC -
## Approved - Journal



UGC Journal Details

| | |
|---|---|
| Name of the Journal : | Research Link |
| ISSN Number : | 09731628 |
| e-ISSN Number : | |
| Source: | UNIV |
| Subject: | Accounting;Anthropology;Business and International Management;Economics, Econometrics and Finance(all);Education;Environmental Science(all);Finance;Geography, Planning and Development;Law;Political Science a;Social Sciences(all) |
| Publisher: | Research Link |
| Country of Publication: | India |
| Broad Subject Category: | Arts & Humanities;Multidisciplinary;Social Science |

Print

